Maharaja Ranjit Singh Punjab Technical University
Badal Road, Bathinda -151001
(Established by Govt. of Punjab vide Punjab Act No. 5 of 2015)

**DIRECTORATE OF SPORTS & YOUTH WELFARE**

Prof. (Dr.) Bhupinder Pal Singh Dhot
Director, Sports & Youth Welfare

Ref No. MRSPTU/CUL/399
Date: 12/09/19

Principal/Director
All Constituent/Affiliated colleges/institutions of MRSPTU, Bathinda.

**Sub.: Regarding participation in Dera Baba Nanak Online Youth Festival 2019.**

This is to bring to your kind notice that Govt. of Punjab is going to organize **"Dera Baba Nanak Online Youth Festival 2019"**. There are thirteen (13) competitions under various categories in this festival. Online registration and uploading of performance videos/Photographs for these competitions shall be accepted from **1st October, 2019 to 20th October, 2019 (till 05:00 pm)** on www.dearbabananakutsav.com website. Winners of the various events shall be awarded cash prizes (attached).

In this regard, you are requested to motivate your students for maximum participation and send maximum entries from your respective college/institution as per the guidelines. List of events along with their rules and regulations has been enclosed herewith.

Prof. Sukhdeep Singh (+91-7696506311), Member Cultural Council, MRSPTU will be coordinating with the participating colleges/institutions.

For any kind of technical assistance and uploading of video/photographs, you may contact Mr. Manish Amar, Member organizing committee of Youth Festival on +91-9915500591.

BSingh 12/09/19

Director
Sports & Youth Welfare
MRSPTU, Bathinda.

CC:

- PA to Hon'ble Vice Chancellor for information
- PA to Registrar
- Sh. Balmukand Sharma, Chairman, Dera Baba Nanak Online Youth Festival 2019
- Director, IT enabled services, MRSPTU to update on university website
- Master file



Scanned with

# ਪੰਜਾਬ ਸਰਕਾਰ

ਕੈਂਪ ਆਫਿਸ:ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:,
ਐਸ.ਸੀ.ਓ. ਨੰ: 175–187, ਸੈਕਟਰ 34–ਏ, ਚੰਡੀਗੜ੍ਹ।

## ਡੇਰਾ ਬਾਬਾ ਨਾਨਕ ਆਨਲਾਈਨ ਯੂਥ ਫੈਸਟੀਵਲ

1. ਇਹ ਉਤਸਵ ਸਾਹਿਬ ਸ੍ਰੀ ਗੁਰੂ ਨਾਨਾਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਹੋਵੇਗਾ ।

2. ਸਾਰੇ ਮੁਕਾਬਲੇ ਆਨ ਲਾਈਨ ਹੋਣਗੇ ।

3. ਭਾਰਤ ਦੀ ਕੋਈ ਪ੍ਰਮਾਣਤ ਯੂਨੀਵਰਸਿਟੀ ਕੈਂਪਸ ਜਾਂ ਕਾਲਜ ਵੱਲੋਂ ਮੁਕਾਬਲੇ ਲਈ ਆਨ ਲਾਈਨ ਐਂਟਰੀ ਭੇਜੀ ਜਾ ਸਕਦੀ ਹੈ ।

4. ਭਾਗ ਲੈਣ ਵਾਲੇ ਵਿਦਿਆਰਥੀ ਉਸ ਸੰਸਥਾ ਦੇ ਬੋਨਾਫਾਈਡ ਵਿਦਿਆਰਥੀ ਹੋਣੇ ਚਾਹੀਦੇ ਹਨ।

5. ਵਿਦਿਆਰਥੀ ਦੀ ਉਮਰ 01 ਨਵੰਬਰ 2019 ਤੱਕ ਵੱਧ ਤੋਂ ਵੱਧ 25 ਸਾਲ ਹੋਣੀ ਚਾਹੀਦੀ ਹੈ ।

6. ਮੁਕਾਬਲੇ ਲਈ ਆਈਆਂ ਪੇਸ਼ਕਾਰੀਆਂ ਨੂੰ ਪ੍ਰਬੰਧਕ ਕਿਸੇ ਵੀ ਰੂਪ ਵਿੱਚ ਵਰਤ ਸਕਦੇ ਹਨ ।

7. ਪੇਸ਼ਕਾਰੀ ਵਿੱਚ ਭਾਗ ਲੈ ਰਹੀ ਸੰਸਥਾ/ਪ੍ਰਤੀਯੋਗੀ ਦੀ ਪਹਿਚਾਣ ਦਰਸ਼ਾਉਂਦੀ ਕੋਈ ਵੀ ਨਿਸ਼ਾਨ/ਚਿੰਨ ਨਹੀਂ ਹੋਣੇ ਚਾਹੀਦੇ।

8. ਕਿਸੇ ਧਰਮ/ਫਿਰਕੇ/ਭਾਈਚਾਰੇ ਪ੍ਰਤੀ ਕਿਸੇ ਕਿਸਮ ਦੀ ਨਾ–ਪੱਖੀ ਜਾਂ ਮਾੜੀ ਭਾਸ਼ਾ/ਦ੍ਰਿਸ਼/ਚਿੰਨ੍ਹ ਵਰਤਣ ਵਾਲੀ ਐਂਟਰੀ ਨੂੰ ਮੂਲੋ ਰੱਦ ਕਰ ਦਿੱਤਾ ਜਾਵੇਗਾ।

9. ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ। ਜੱਜਮੈਂਟ ਬਾਰੇ ਕੋਈ ਵੀ ਇਤਰਾਜ ਪ੍ਰਵਾਨ ਨਹੀਂ ਕੀਤਾ ਜਾਵੇਗਾ।

## ਮੁਕਾਬਲੇ ਦੀ ਵੰਨਗੀ ਅਤੇ ਨਿਯਮ

## ੳ ਗਰੁੱਪ ਵੰਨਗੀਆਂ

### 1. ਸ਼ਬਦ (ਗਰੁਪ)

1. ਇਕ ਸੰਸਥਾ, ਇਕ ਟੀਮ ਵਲੋਂ ਪੇਸ਼ ਕੀਤਾ ਸ਼ਬਦ ਭੇਜ ਸਕਦੀ ਹੈ।

2. ਟੀਮ ਵਿਚ ਛੇ ਪ੍ਰਤੀਯੋਗੀ ਅਤੇ ਦੋ ਸਾਜ਼ਿੰਦੇ ਹੋ ਸਕਦੇ ਹਨ।

6/9/19

Chairman
Organising Committee,
Dera Baba Nanak
On-line Youth Festival.

3. ਸਾਜ਼ਿੰਦਿਆਂ ਤੋਂ ਇਲਾਵਾ ਪ੍ਰਤੀਯੋਗੀ ਖੁਦ ਵੀ ਸਾਜ਼ ਵਜਾ ਸਕਦੇ ਹਨ।

4. ਸਮਾਂ 6 ਤੋਂ 8 ਮਿੰਟ ਹੋਵੇਗਾ।

5. ਸ਼ਬਦ ਗੁਰੂ ਨਾਨਕ ਬਾਣੀ ਵਿਚੋਂ ਹੋਵੇ ਅਤੇ ਨਿਰਧਾਰਤ ਰਾਗ ਵਿਚ ਹੀ ਪੇਸ਼ ਕੀਤਾ ਜਾਵੇ।

6. ਪਹਿਰਾਵਾ ਸਧਾਰਨ ਅਤੇ ਇਕੋ ਜਿਹਾ ਹੋਵੇ। ਸਿਰ ਢਕਿਆ ਹੋਣਾ ਚਾਹੀਦਾ ਹੈ।

## 2. ਢਾਡੀ ਕਲਾ

1. ਇਕ ਸੰਸਥਾ, ਵੱਧ ਤੋਂ ਵੱਧ 3 ਪ੍ਰਤੀਯੋਗੀਆਂ ਦੀ ਇਕ ਟੀਮ ਭੇਜ ਸਕਦੀ ਹੈ।

2. ਵੱਧ ਤੋਂ ਵੱਧ ਦੋ ਸਾਜ਼ਿੰਦੇ ਹੋ ਸਕਦੇ ਹਨ।ਪ੍ਰਤੀਯੋਗੀ ਖੁਦ ਵੀ ਸਾਜ਼ ਵਜਾ ਸਕਦਾ ਹੈ।

3. ਸਮਾਂ ਵੱਧ ਤੋਂ ਵੱਧ 6 ਮਿੰਟ ਹੋਵੇਗਾ, ਕਮੈਂਟਰੀ ਸਮੇਤ।

4. ਪੇਸ਼ਕਾਰੀ ਗੁਰੂ ਨਾਨਕ ਦੇਵ ਜੀ ਬਾਰੇ ਹੀ ਹੋਵੇ।

## 3. ਕਵੀਸ਼ਰੀ

1. ਇਕ ਸੰਸਥਾ, ਵੱਧ ਤੋਂ ਵੱਧ 3 ਪ੍ਰਤੀਯੋਗੀਆਂ ਦੀ ਇਕ ਟੀਮ ਭੇਜ ਸਕਦੀ ਹੈ।

2. ਸਮਾਂ ਵੱਧ ਤੋਂ ਵੱਧ 6 ਮਿੰਟ ਹੋਵੇਗਾ, ਕਮੈਂਟਰੀ ਸਮੇਤ।

3. ਪੇਸ਼ਕਾਰੀ ਗੁਰੂ ਨਾਨਕ ਦੇਵ ਜੀ ਬਾਰੇ ਹੀ ਹੋਵੇ।

## ਅ) ਸੋਲੋ ਵੰਨਗੀਆਂ

## 1. ਸ਼ਬਦ ਸੋਲੋ

1. ਇਕ ਸੰਸਥਾ, ਇਕ ਪ੍ਰਤੀਯੋਗੀ ਦੀ ਇਕ ਪੇਸ਼ਕਾਰੀ ਹੀ ਭੇਜ ਸਕਦੀ ਹੈ।

2. ਦੋ ਸਾਜ਼ਿੰਦੇ ਨਾਲ ਹੋ ਸਕਦੇ ਹਨ। ਪ੍ਰਤੀਯੋਗੀ ਖੁਦ ਵੀ ਸਾਜ਼ ਵਜਾ ਸਕਦਾ ਹੈ।

3. ਸਮਾਂ 6 ਤੋਂ 8 ਮਿੰਟ ਹੋਵੇਗਾ।

4. ਸ਼ਬਦ ਗੁਰੂ ਨਾਨਕ ਬਾਣੀ ਵਿਚੋਂ ਹੋਵੇ ਅਤੇ ਨਿਰਧਾਰਤ ਰਾਗ ਵਿੱਚ ਪੇਸ਼ ਕੀਤਾ ਹੋਵੇ।

5. ਪਹਿਰਾਵਾ ਸਧਾਰਨ ਅਤੇ ਸਿਰ ਢਕਿਆ ਹੋਣਾ ਚਾਹੀਦਾ ਹੈ।

6/9/19

Chairman
Organising Committee,
Dera Baba Nanak
On-line Youth Festival.

## 2. ਕਵਿਤਾ ਉਚਾਰਣ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਉਚਾਰਣ ਕੀਤੀ ਕਵਿਤਾ ਭੇਜ ਸਕਦੀ ਹੈ।

2. ਕਵਿਤਾ ਸਵੈ ਰਚਿਤ ਹੋਵੇ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਹੀ ਹੋਵੇ।

3. ਸਮਾਂ ਵੱਧ ਤੋਂ ਵੱਧ 4 ਮਿੰਟ ਹੋਵੇਗਾ ।

## 3. ਕਵਿਤਾ ਗਾਇਣ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਪੰਜਾਬੀ ਜਾਂ ਹਿੰਦੀ ਵਿੱਚ ਗਾਇਣ ਕੀਤੀ ਕਵਿਤਾ ਭੇਜ ਸਕਦੀ ਹੈ।

2. ਕਵਿਤਾ ਸਵੈ ਰਚਿਤ ਹੋਵੇ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਹੀ ਹੋਵੇ।

3. ਸਮਾਂ ਵੱਧ ਤੋਂ ਵੱਧ 4 ਮਿੰਟ ਹੋਵੇਗਾ।

## 4. ਭਾਸ਼ਣ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਪੰਜਾਬੀ, ਅੰਗਰੇਜ਼ੀ ਜਾਂ ਹਿੰਦੀ ਵਿੱਚ ਦਿਤਾ ਭਾਸ਼ਣ ਭੇਜ ਸਕਦੀ ਹੈ।

2. ਭਾਸ਼ਣ ਦਾ ਵਿਸ਼ਾ "ਗੁਰੂ ਨਾਨਕ ਸੰਦੇਸ਼" ਹੋਵੇਗਾ।

3. ਸਮਾਂ ਵੱਧ ਤੋਂ ਵੱਧ 5 ਮਿੰਟ ਹੋਵੇਗਾ।

## 5. ਲੇਖਣੀ ( ਲੇਖ )

1. ਇਕ ਸੰਸਥਾ ਇਕ ਵਿਦਿਆਰਥੀ ਵਲੋਂ ਲਿਖਿਆ ਲੇਖ ਭੇਜ ਸਕਦੀ ਹੈ।ਭਾਸ਼ਾ ਪੰਜਾਬੀ, ਹਿੰਦੀ ਜਾਂ ਅੰਗਰੇਜੀ ਹੋ ਸਕਦੀ ਹੈ।

2. ਲੇਖ ਦਾ ਵਿਸ਼ਾ "ਸਰਬੱਤ ਦਾ ਭਲਾ" ਹੋਵੇਗਾ। ਲਿਖਤ 300 ਤੋਂ 500 ਸ਼ਬਦ ਹੋਵੇ।

3. ਟਾਈਪ ਕੀਤੀ ਹੋਈ ਪੀ.ਡੀ.ਐਫ. ਕਾਪੀ ਹੀ ਭੇਜੀ ਜਾਵੇ।

6/5/10

Chairman
Organising Committee,
Dera Baba Nanak
On-line Youth Festival.

## 6. ਡਿਜ਼ੀਟਲ ਪੋਸਟਰ ਬਨਾਉਣਾ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਬਣਾਇਆ ਇਕ ਪੋਸਟਰ ਭੇਜ ਸਕਦੀ ਹੈ।

2. ਪੋਸਟਰ ਗੁਰੂ ਨਾਨਕ ਦੇਵ ਵੱਲੋਂ ਸਮਾਜਕ ਬਰਾਬਰੀ ਦੇ ਸੰਦੇਸ਼ ਬਾਰੇ ਹੋਣਾ ਚਾਹੀਦਾ ਹੈ ।

3. ਅਪਲੋਡ ਕੀਤੀ ਜਾਣ ਵਾਲੀ ਫਾਈਲ ਦਾ ਸਾਇਜ਼ 16"x12" ਹੋਵੇ ਅਤੇ ਫਾਈਲ 5 ਐਮ.ਬੀ. ਤੋਂ ਵੱਧ ਨਾ ਹੋਵੇ। ਫਾਈਲ ਦਾ ਫਾਰਮੇਟ JPEG ਹੋਣਾ ਚਾਹੀਦਾ ਹੈ।

## 7. ਪੇਂਟਿੰਗ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਬਣਾਈ ਇਕ ਪੇਂਟਿੰਗ ਭੇਜ ਸਕਦੀ ਹੈ।

2. ਪੇਂਟਿੰਗ ਗੁਰੂ ਨਾਨਕ ਦੇਵ ਜੀ ਬਾਰੇ ਹੋਣੀ ਚਾਹੀਦੀ ਹੈ।

3. ਅਪਲੋਡ ਕੀਤੀ ਜਾਣ ਵਾਲੀ ਫਾਈਲ ਦਾ ਸਾਇਜ਼ 16"x12" ਹੋਵੇ ਅਤੇ ਫਾਈਲ 5 ਐਮ.ਬੀ. ਤੋਂ ਵੱਧ ਨਾ ਹੋਵੇ। ਫਾਈਲ ਦਾ ਫਾਰਮੇਟ JPEG ਹੋਣਾ ਚਾਹੀਦਾ ਹੈ।

## 8. ਅੱਖਰਕਾਰੀ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਗੁਰੂ ਨਾਨਕ ਬਾਣੀ ਵਿਚੋਂ ਦੋ ਲਾਈਨਾਂ ਦੀ ਕੀਤੀ ਅੱਖਰਕਾਰੀ ਭੇਜ ਸਕਦੀ ਹੈ।

2. ਚਿੱਟੇ ਚਾਰਟ ਤੇ ਕਾਲੇ ਰੰਗ ਵਿਚ ਅੱਖਰਕਾਰੀ ਕੀਤੀ ਹੋਵੇ।

3. ਅਪਲੋਡ ਕੀਤੀ ਜਾਣ ਵਾਲੀ ਫਾਈਲ ਦਾ ਸਾਇਜ਼ 16"x12" ਹੋਵੇ ਅਤੇ ਫਾਈਲ 5 ਐਮ.ਬੀ. ਤੋਂ ਵੱਧ ਨਾ ਹੋਵੇ। ਫਾਈਲ ਦਾ ਫਾਰਮੇਟ JPEG ਹੋਣਾ ਚਾਹੀਦਾ ਹੈ।

## 9. ਫੋਟੋਗ੍ਰਾਫੀ

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਖਿੱਚੀ ਫੋਟੋ ਭੇਜ ਸਕਦੀ ਹੈ।

2. ਫੋਟੋ 'ਬਲਿਹਾਰੀ ਕੁਦਿਰਤ ਵੱਸਿਐ' ਵਿਸ਼ੇ 'ਤੇ ਹੀ ਹੋ ਸਕਦੀ ਹੈ।

3. ਅਪਲੋਡ ਕੀਤੀ ਜਾਣ ਵਾਲੀ ਫਾਈਲ ਦਾ ਸਾਇਜ਼ 8"x6" ਹੋਵੇ ਅਤੇ ਫਾਈਲ 5 ਐਮ.ਬੀ. ਤੋਂ ਵੱਧ ਨਾ ਹੋਵੇ। ਫਾਈਲ ਦਾ ਫਾਰਮੇਟ JPEG ਹੋਣਾ ਚਾਹੀਦਾ ਹੈ।

Chairman
Organising Committee,
Dera Baba Nanak
On-line Youth Festival.

## 10. ਸਕੈੱਚ (ਲਾਈਨ ਆਰਟ)

1. ਇਕ ਸੰਸਥਾ, ਇਕ ਵਿਦਿਆਰਥੀ ਵਲੋਂ ਗੁਰੂ ਨਾਨਕ ਸਾਹਿਬ ਬਾਰੇ ਬਣਾਇਆ ਸਕੈੱਚ ਭੇਜ ਸਕਦੀ ਹੈ।

2. ਅਪਲੋਡ ਕੀਤੀ ਜਾਣ ਵਾਲੀ ਫਾਈਲ ਦਾ ਸਾਇਜ਼ 16"x12" ਹੋਵੇ ਅਤੇ ਫਾਈਲ 5 ਐਮ.ਬੀ. ਤੋਂ ਵੱਧ ਨਾ ਹੋਵੇ। ਫਾਈਲ ਦਾ ਫਾਰਮੈਟ JPEG ਹੋਣਾ ਚਾਹੀਦਾ ਹੈ।

## ਇਨਾਮ/ਪੁਰਸਕਾਰ

1. ਗਰੁੱਪ ਆਈਟਮ (ਸ਼ਬਦ, ਢਾਡੀ ਅਤੇ ਕਵੀਸ਼ਰੀ)

| | | |
|---|---|---|
| 1. ਪਹਿਲਾ ਇਨਾਮ | ਇਕੱਤਰ ਹਜ਼ਾਰ ਰੁਪੈ | (71,000) |
| 2. ਦੂਜਾ ਇਨਾਮ | ਇਕਵੰਜਾ ਹਜ਼ਾਰ ਰੁਪੈ | (51,000) |
| 3. ਤੀਜਾ ਇਨਾਮ | ਇਕੱਤੀ ਹਜ਼ਾਰ ਰੁਪੈ | (31,000) |

## 1. ਵਿਅਕਤੀਗਤ ਪੇਸ਼ਕਾਰੀ (ਸੋਲੋ ਆਈਟਮ)

| | | |
|---|---|---|
| 1. ਪਹਿਲਾ ਇਨਾਮ | ਇਕਵੰਜਾ ਹਜ਼ਾਰ ਰੁਪੈ | (51,000) |
| 2. ਦੂਜਾ ਇਨਾਮ | ਇਕੱਤੀ ਹਜ਼ਾਰ ਰੁਪੈ | (31,000) |
| 3. ਤੀਜਾ ਇਨਾਮ | ਇੱਕੀ ਹਜ਼ਾਰ ਰੁਪੈ | (21,000) |

ਨਗਦ ਇਨਾਮ ਤੋਂ ਇਲਾਵਾ ਜੇਤੂ ਟੀਮਾਂ ਦੇ ਪ੍ਰਤੀਯੋਗੀਆਂ ਨੂੰ ਵੱਖਰੇ ਤੌਰ ਤੇ ਸਨਮਾਨਤ ਕੀਤਾ ਜਾਵੇਗਾ।

**ਇੱਕ ਯੂਨੀਵਰਸਿਟੀ ਵੱਲੋਂ ਸਬੰਧਤ ਕਾਲਜਾਂ ਸਮੇਤ ਜਿੱਤੇ ਇਨਾਮਾਂ ਦੇ ਅਧਾਰ ਤੇ ਬਾਬਾ ਨਾਨਕ 550 ਸਰਵੋਤਮ ਟਰਾਫੀ – 2019 (ਇੱਕ ਲੱਖ ਇੱਕ ਹਜ਼ਾਰ ਰੁਪੈ ) 1,01,000/- ਪ੍ਰਦਾਨ ਕੀਤੀ ਜਾਵੇਗੀ ।**

Chairman
Organising Committee,
Dera Baba Nanak
On-line Youth Festival.

## ਜ਼ਰੂਰੀ ਸੂਚਨਾ :

- ਪੇਸ਼ਕਾਰੀਆਂ ਅੱਪਲੋਡ ਕਰਨ ਲਈ www.derabananakutsav.com ਤੇ ਸੰਪਰਕ ਕਰੋ ।
- ਪੇਸ਼ਕਾਰੀਆਂ ਅੱਪਲੋਡ ਕਰਨ ਦਾ ਸਮਾਂ 01 ਅਕਤੂਬਰ ਤੋਂ 20 ਅਕਤੂਬਰ , 2019 ਸ਼ਾਮ 5.00 ਵਜੇ ਤੱਕ ।
- ਨਤੀਜੇ ਘੋਸ਼ਿਤ 5 ਨਵੰਬਰ 2019 ਨੂੰ ਹੋਣਗੇ ।
- ਇਨਾਮ ਵੰਡ ਸਮਾਰੋਹ 11 ਨਵੰਬਰ 2019 ਨੂੰ ਡੇਰਾ ਬਾਬਾ ਨਾਨਕ ਵਿਖੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਸ਼ਾਲ ਸਮਾਗਮ ਤੇ ਹੋਵੇਗਾ ।
- ਇਨਾਮ ਵੰਡ ਸਮਾਰੋਹ ਤੇ ਜੇਤੂ ਪੇਸ਼ਕਾਰੀਆਂ ਦੀ ਸਟੇਜ ਪੇਸ਼ਕਾਰੀ ਹੋਵੇਗੀ ।ਇਸ ਲਈ ਟੀਮਾਂ ਦੀ ਰਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਇਨਾਮੀ ਰਾਸ਼ੀ ਤੋਂ ਇਲਾਵਾ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਆਉਣ ਜਾਣ ਦਾ ਖਰਚਾ ਵੀ ਦਿੱਤਾ ਜਾਵੇਗਾ ।
- ਹੋਰ ਕਿਸੇ ਵੀ ਜਾਣਕਾਰੀ ਲਈ ਫੋਨ ਨੰ: 0172-2664518 ਤੇ ਸੰਪਰਕ ਕੀਤਾ ਜਾ ਸਕਦਾ ਹੈ ।
- ਪੇਸ਼ਕਾਰੀ ਅਸਲ ਅਤੇ ਮੌਲਿਕ ਹੋਣੀ ਚਾਹੀਦੀ ਹੈ।
- ਕਿਸੇ ਵੀ ਪੇਸ਼ਕਾਰੀ ਦੀ ਸ਼ਬਦਾਵਲੀ ਜਾਂ ਪੇਸ਼ਕਾਰੀ ਦੀ ਮੌਲਿਕਤਾ ਬਾਰੇ ਸਾਰੀ ਜ਼ੁੰਮੇਵਾਰੀ ਸਬੰਧਿਤ ਕਾਲਜ ਦੀ ਹੋਵੇਗੀ।
- ਪੇਸ਼ਕਾਰੀਆਂ ਦਾ ਨਤੀਜਾ ਜੱਜ ਸਹਿਬਾਨਾਂ ਦੀ ਜੱਜਮੈਂਟ ਅਤੇ ਪੇਸ਼ਕਾਰੀ ਨੂੰ ਸੋਸ਼ਲ ਮੀਡੀਆ 'ਤੇ ਮਿਲੇ ਲਾਈਕਸ 'ਤੇ ਆਧਾਰਿਤ ਹੋਵੇਗਾ।
- ਫਾਈਲ ਦੇ ਸਾਈਜ਼ ਬਾਰੇ ਜਾਂ ਹੋਰ ਕਿਸੇ ਤਕਨੀਕੀ ਬਦਲਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕੰਮ ਵਾਲੇ ਦਿਨਾ ਵਿੱਚ ਸਵੇਰ 10.00 ਤੋਂ ਸ਼ਾਮ 5.00 ਵਜੇ ਤੱਕ ਫੋਨ ਨੰ: 0172–5211420 ਤੇ ਸੰਪਰਕ ਕੀਤਾ ਜਾ ਸਕਦਾ ਹੈ।

6/11/4

Chairman
Organising Committee,
Dera Baba Nanak
On-line Youth Festival.